**ਕਿਰਪਾ ਕਰਕੇ ਪੜ੍ਹੋ**

CITY OF VANCOUVER

# (ਘਰ ਦੇ ਮਾਲਕ ਦੀਆਂ ਗਰ੍ਾਂਟਾਂ (Home Owner Grants

## ਮਹੱਤਵਪੂਰਨ ਅੱਪਡੇਟ

**Gov.bc.ca/homeownergrant** 'ਤੇ ਆਪਣੀ ਘਰ ਦੇ ਮਾਲਕ ਦੀ ਗਰ੍ਾਂਟ 'ਤੇ ਆਨਲਾਈਨ ਦਾਅਵਾ ਕਰੋ

**ਇਸ ਸਾਲ ਤੋਂ ਸ਼ੁਰੂ ਕਰਦੇ ਹੋਏ, ਵੈਨਕੂਵਰ ਸਿਟੀ ਹੁਣ ਘਰ ਦੇ ਮਾਲਕ ਦੀ ਗਰ੍ਾਂਟ ਦੀਆਂ ਅਰਜ਼ੀਆਂ ਨੂੰ ਸਵੀਕਾਰ ਨਹੀਂ ਕਰ ਸਕਦੀ ਹੈ।**

**ਇਸ ਦੀ ਬਜਾਏ, ਤੁਹਾਨੂੰ ਆਪਣੀ ਅਰਜ਼ੀ ਇਸ ਵੈੱਬਸਾਈਟ 'ਤੇ ਸਿੱਧਾ ਸੂਬੇ ਕੋਲ ਜਮਹ੍ਾਂ ਕਰਾਉਣੀ ਪਵੇਗੀ: gov.bc.ca/homeownergrant**

ਦੇਰੀ ਨਾਲ ਅਦਾਇਗੀ ਦੇ ਜੁਰਮਾਨਿਆਂ ਤੋਂ ਬਚਣ ਲਈ ਆਪਣੀ ਗਰ੍ਾਂਟ ਲਈ ਪਰ੍ਾਪਰਟੀ ਟੈਕਸ ਦੀ ਨਿਯਤ ਮਿਤੀ ਤੋਂ ਪਹਿਲਾਂ ਅਰਜ਼ੀ ਦੇਣਾ ਯਾਦ ਰੱਖੋ।

### ਆਪਣੀ ਗਰ੍ਾਂਟ ਦਾ ਦਾਅਵਾ ਕਰਨ ਤੋਂ ਪਹਿਲਾਂ

**Gov.bc.ca/homeownergrant** 'ਤੇ ਆਪਣੀ ਗਰ੍ਾਂਟ ਦਾ ਦਾਅਵਾ ਕਰਦੇ ਸਮੇਂ, ਤੁਹਾਨੂੰ ਆਪਣਾ ਅਧਿਕਾਰ ਖੇਤਰ (Jurisdiction) ਅਤੇ ਰੋਲ ਨੰਬਰ (Roll Number) ਦਾਖਲ ਕਰਨ ਦੀ ਲੋੜ ਹੋਵੇਗੀ। ਇਹ ਜਾਣਕਾਰੀ ਤੁਹਾਡੇ ਪਰ੍ਾਪਰਟੀ ਟੈਕਸ ਦੇ ਨੋਟਿਸ ਦੇ ਜਮਹ੍ਾਂ ਕਰਨ ਵਾਲੇ ਹਿੱਸੇ 'ਤੇ ਮਿਲ ਸਕਦੀ ਹੈ।

ਧਿਆਨ ਦਿਓ: ਤੁਹਾਡੀ ਗਰ੍ਾਂਟ ਦਾ ਦਾਅਵਾ ਕਰਨ ਲਈ ਤੁਹਾਡੇ ਐਕਸੈਸ ਕੋਡ (Access Code) ਜਾਂ ਫੋਲਿਓ ਨੰਬਰ (Folio Number) ਦੀ ਲੋੜ ਨਹੀਂ ਹੈ, ਤੁਹਾਨੂੰ ਇਸ ਜਾਣਕਾਰੀ ਦੀ ਲੋੜ ਸਿਰਫ ਆਪਣਾ ਟੈਕਸ ਨੋਟਿਸ ਅਦਾ ਕਰਦੇ ਸਮੇਂ ਹੋਵੇਗੀ।




### ਆਪਣੀ ਗਰ੍ਾਂਟ ਦਾ ਦਾਅਵਾ ਕਰਨ ਤੋਂ ਬਾਅਦ

ਜਦੋਂ ਤੁਹਾਨੂੰ ਇਸ ਗੱਲ ਦੀ ਪੁਸ਼ਟੀ ਮਿਲ ਜਾਵੇ ਕਿ ਤੁਹਾਡੀ ਗਰ੍ਾਂਟ ਦੀ ਅਰਜ਼ੀ ਸਫਲ ਹੋ ਗਈ ਹੈ, ਤਾਂ ਤੁਹਾਡੇ ਵੈਨਕੂਵਰ ਸਿਟੀ ਟੈਕਸ ਖਾਤੇ ਵਿਚਲੇ ਬਕਾਏ ਨੂੰ ਅੱਪਡੇਟ ਹੋਣ ਵਿੱਚ 3-4 ਕਾਰੋਬਾਰੀ ਦਿਨ ਲੱਗ ਸਕਦੇ ਹਨ। ਇਹ ਪੱਕਾ ਕਰੋ ਕਿ ਤੁਸੀਂ ਬਕਾਇਆ ਰਕਮ (ਤੁਹਾਡੀ ਯੋਗ ਗਰ੍ਾਂਟ ਰਕਮ ਦੁਆਰਾ ਘਟਾਈ ਗਈ) ਨੂੰ ਪਰ੍ਾਪਰਟੀ ਟੈਕਸ ਅਦਾ ਕਰਨ ਲਈ ਨਿਯਤ ਮਿਤੀ ਤੋਂ ਪਹਿਲਾਂ ਅਦਾ ਕਰਨ ਦਾ ਪਰ੍ਬੰਧ ਕੀਤਾ ਹੈ।

ਤੁਹਾਡੀ ਪਰ੍ਾਪਰਟੀ ਟੈਕਸ ਦਾ ਨੋਟਿਸ ਦਾਅਵਾ ਕੀਤੀ ਗਈ ਗਰ੍ਾਂਟ ਦੇ ਅਧਾਰ 'ਤੇ ਬਾਕੀ ਬਚਿਆ ਕੁੱਲ :ਦੇਣਯੋਗ ਟੈਕਸ ਦਰਸਾਉਂਦਾ ਹੈ

| A | B | C |
|---|---|---|
| No Grant | Grant: 570.00 | Grant: 845.00 |
| $4,570.00 | $4,000.00 | $3,725.00 |
| Amount Paid | | |

ਸਿਰਫ ਉਦਾਹਰਨ

ਤੁਸੀਂ **vancouver.ca/property-tax** 'ਤੇ ਆਪਣੇ ਆਨਲਾਈਨ ਸੇਵਾਵਾਂ ਦੇ ਖਾਤੇ ਵਿੱਚ ਲੌਗ-ਇਨ ਕਰ ਕੇ ਆਪਣੇ ਟੈਕਸ ਖਾਤੇ ਵਿਚਲਾ ਬਕਾਇਆ ਦੇਖ ਸਕਦੇ ਹੋ (ਕਿਰਪਾ ਕਰਕੇ ਆਪਣੀ ਗਰ੍ਾਂਟ ਜਮਹ੍ਾਂ ਕਰਨ ਤੋਂ ਬਾਅਦ ਤੁਹਾਡੇ ਟੈਕਸ ਖਾਤੇ ਵਿਚਲੇ ਬਕਾਇਆ ਨੂੰ ਅੱਪਡੇਟ ਕੀਤੇ ਜਾਣ ਲਈ 3-4 ਕਾਰੋਬਾਰੀ ਦਿਨ ਦਿਓ)।

### ਕੀ ਤੁਹਾਡੇ ਕੋਲ ਆਨਲਾਈਨ ਸੇਵਾਵਾਂ ਦਾ ?ਖਾਤਾ ਨਹੀਂ ਹੈ

ਤੁਸੀਂ ਆਪਣੇ ਟੈਕਸ ਖਾਤੇ ਵਿਚਲਾ ਬਕਾਇਆ **vancouver.ca/tax-utility-balance** 'ਤੇ ਦੇਖ ਸਕਦੇ ਹੋ ਜਾਂ ਆਪਣੇ ਸਮਾਰਟ ਫੋਨ :ਨਾਲ ਇਹ ਸਕੈਨ ਕਰੋ

### ?ਮਦਦ ਚਾਹੀਦੀ ਹੈ

ਆਪਣੀ ਘਰ ਦੇ ਮਾਲਕ ਦੀ ਗਰ੍ਾਂਟ ਬਾਰੇ ਪੁੱਛ-ਗਿਛ ਲਈ, ਸੂਬੇ ਨਾਲ ਸੰਪਰਕ ਕਰੋ: **gov.bc.ca/homeownergrant** ਜਾਂ **1-888-355-2700**

ਆਪਣੇ ਪਰ੍ਾਪਰਟੀ ਟੈਕਸ ਬਾਰੇ ਪੁੱਛ-ਗਿਛ ਲਈ, ਵੈਨਕੂਵਰ ਸਿਟੀ ਨਾਲ ਸੰਪਰਕ ਕਰੋ: **vancouver.ca/property-tax** ਜਾਂ **3-1-1** (ਵੈਨਕੂਵਰ ਤੋਂ ਬਾਹਰ **604-**
(**873-7000** outside Vancouver